ਮਿੱਠੇ ਬੱਚੇ:- "ਮਿੱਠੇ ਬੱਚੇ :-ਤੁਹਾਡਾ ਰੂਹਾਨੀ ਯੋਗ ਹੈ ਏਵਰ ਪਿਉਰ ਬਣਨ ਦੇ ਲਈ ਕਿਉਂਕਿ ਤੁਸੀਂ ਪਵਿੱਤਰਤਾ ਦੇ ਸਾਗਰ ਨਾਲ ਯੋਗ ਲਗਾਉਂਦੇ ਹੋ, ਪਵਿੱਤਰ ਦੁਨੀਆ ਸਥਾਪਨ ਕਰਦੇ ਹੋ।"

ਪ੍ਰਸ਼ਨ:- ਪ੍ਰਸ਼ਨ:- ਨਿਸ਼ਚੇ ਬੁੱਧੀ ਬੱਚਿਆਂ ਨੂੰ ਪਹਿਲੇ- ਪਹਿਲੇ ਕਿਹੜਾ ਨਿਸ਼ਚੇ ਪੱਕਾ ਹੋਣਾ ਚਾਹੀਦਾ ਹੈ? ਉਸ ਨਿਸ਼ਚੇ ਦੀ ਨਿਸ਼ਾਨੀ ਕੀ ਹੋਵੇਗੀ?

ਉੱਤਰ:- ਅਸੀਂ ਇਕ ਬਾਪ ਦੇ ਬੱਚੇ ਹਾਂ, ਬਾਪ ਤੋਂ ਸਾਨੂੰ ਦੈਵੀ ਸਵਰਾਜ ਮਿਲਦਾ ਹੈ। ਇਹ ਪਹਿਲੇ - ਪਹਿਲੇ ਪੱਕਾ ਨਿਸ਼ਚੇ ਚਾਹੀਦਾ ਹੈ। ਨਿਸ਼ਚੇ ਹੋਵੇਗਾ ਤਾਂ ਤਤਕਾਲ ਬੁੱਧੀ ਵਿਚ ਆਵੇਗਾ ਕੀ ਸਾਡੀ ਭਗਤੀ ਪੂਰੀ ਹੋਈ ਹੈ, ਹੁਣ ਸਾਨੂੰ ਭਗਵਾਨ ਮਿਲਿਆ ਹੈ। ਨਿਸ਼ਚੇਬੁੱਧੀ ਬੱਚੇ ਹੀ ਵਾਰਿਸ ਬਣਦੇ ਹਨ।

ਗੀਤ:- ਓ ਦੂਰ ਕੇ ਮੁਸਾਫ਼ਿਰ...

ਓਮ ਸ਼ਾਂਤੀ। ਬਾਪ ਬੈਠੇ ਬੱਚਿਆਂ ਨੂੰ ਸਮਝਾਉਂਦੇ ਹਨ ਕੀ ਦੂਰ ਦੇ ਮੁਸਾਫ਼ਿਰ ਤਾਂ ਸਾਰੇ ਹਨ। ਸਾਰੀਆਂ ਆਤਮਾਵਾਂ ਦੂਰ ਤੋਂ ਦੂਰ ਪਰਮਧਾਮ ਦੀਆਂ ਰਹਿਣ ਵਾਲੀਆਂ ਹਨ। ਸ਼ਾਸਤਰਾਂ ਵਿਚ ਵੀ ਹੈ ਆਤਮਾ ਦੂਰ ਰਹਿੰਦੀ ਹੈ, ਜਿੱਥੇ ਸੂਰਜ ਚੰਦਾ ਦੀ ਰੋਸ਼ਨੀ ਨਹੀਂ ਰਹਿੰਦੀ। ਮੂਲਵਤਨ ਤੇ ਸੂਖਸ਼ਮ ਵਤਨ ਵਿਚ ਕੋਈ ਡਰਾਮਾ ਨਹੀਂ ਹੈ। ਡਰਾਮਾ ਇਸ ਸਥੂਲ ਵਤਨ ਦਾ ਹੈ, ਜਿਸਨੂੰ ਮਨੁੱਖ ਸ੍ਰਿਸ਼ਟੀ ਕਿਹਾ ਜਾਂਦਾ ਹੈ। ਮੂਲਵਤਨ ਤੇ ਸੂਖਸ਼ਮ ਵਤਨ ਵਿਚ 84 ਜਨਮਾਂ ਦਾ ਚੱਕਰ ਨਹੀਂ ਹੈ। ਚੱਕਰ ਮਨੁੱਖ ਸ੍ਰਿਸ਼ਟੀ ਵਿਚ ਦਿਖਾਇਆ ਜਾਂਦਾ ਹੈ। ਮਨੁੱਖ ਸ੍ਰਿਸ਼ਟੀ ਕੀ ਚੀਜ਼ ਹੈ। ਮਨੁੱਖ ਕਿਸ ਦਾ ਬਣਿਆ ਹੋਇਆ ਹੈ। ਮਨੁੱਖ ਵਿਚ ਇਕ ਤਾਂ ਆਤਮਾ ਹੈ ਦੂਜਾ ਸ਼ਰੀਰ ਹੈ। 5 ਤੱਤਵ ਦਾ ਪੁਤਲਾ ਬਣਦਾ ਹੈ ਉਸ ਵਿਚ ਆਤਮਾ ਪ੍ਰਵੇਸ਼ ਕਰ ਪਾਰਟ ਵਜਾਉਂਦੀ ਹੈ। ਤਾਂ ਦੂਰ ਦੇ ਰਹਿਣ ਵਾਲੇ ਤਾਂ ਸਾਰੇ ਹਨ। ਪਰ ਤੁਸੀਂ ਨਿਸ਼ਚੇ ਕਰਦੇ ਹੋ। ਮਨੁੱਖਾਂ ਵਿਚ ਕੋਈ ਨਿਸ਼ਚੇ ਨਹੀਂ ਹੈ। ਬਾਪ ਸਮਝਾਉਂਦੇ ਹਨ ਮੈਨੂੰ ਦੂਰਦੇਸ਼ ਦਾ ਰਹਿਣ ਵਾਲਾ ਕਹਿੰਦੇ ਹੋ ਪਰ ਤੁਸੀਂ ਸਭ ਆਤਮਾਵਾਂ ਦਾ ਨਿਵਾਸ ਸਥਾਨ ਇਕ ਹੈ। ਉਸ ਨਾਟਕ ਵਿਚ ਜੋ ਪਾਰਟ ਵਜਾਉਂਦੇ ਹਨ ਉਸ ਵਿਚ ਤਾਂ ਹਰ ਇਕ ਦਾ ਆਪਣਾ ਆਪਣਾ ਘਰ ਹੁੰਦਾ ਹੈ ਨਾ। ਓਥੋਂ ਆਕੇ ਪਾਰਟ ਵਜਾਉਂਦੇ ਹਨ। ਇਥੇ ਤੁਸੀਂ ਸਮਝਦੇ ਹੋ ਅਸੀਂ ਸਭ ਇਕ ਬਾਪ ਦੇ ਬੱਚੇ ਹਾਂ, ਇਕ ਹੀ ਘਰ ਪਰਮਧਾਮ ਵਿਚ ਰਹਿਣ ਵਾਲੇ ਹਾਂ। ਉਹ ਹੈ ਬ੍ਰਹਮ ਮਹਾ ਤੱਤਵ, ਇਹ ਹੈ ਆਕਾਸ਼ ਤੱਤਵ। ਇਥੇ ਪਾਰਟ ਵਜਾਉਂਦੇ ਹਾਂ। ਰਾਤ ਦਿਨ ਹੁੰਦੇ ਹਨ ਇਸਲਈ ਸੂਰਜ ਚੰਦਾ ਵੀ ਹਨ। ਮੂਲਵਤਨ ਵਿਚ ਤਾਂ ਦਿਨ ਰਾਤ ਹੁੰਦੇ ਨਹੀਂ ਹਨ। ਇਹ ਸੂਰਜ ਚੰਦ ਕੋਈ ਦੇਵਤੇ ਨਹੀਂ ਹਨ। ਇਹ ਤਾਂ ਮਾਂਡਵੇ ਨੂੰ ਰੋਸ਼ਨੀ ਕਰਨ ਵਾਲੀਆਂ ਬੱਤੀਆਂ ਹਨ। ਦਿਨ ਵਿਚ ਸੂਰਜ ਦੀ ਤੇ ਰਾਤ ਨੂੰ ਚੰਦ ਦੀ ਰੋਸ਼ਨੀ ਹੁੰਦੀ ਹੈ। ਹੁਣ ਸਾਰੇ ਮਨੁੱਖ ਚਾਹੁੰਦੇ ਹਨ ਕਿ ਮੁਕਤੀ ਧਾਮ ਵਿਚ ਜਾਈਏ। ਜਾਣਦੇ ਹਨ ਭਗਵਾਨ ਉਪਰ ਰਹਿੰਦਾ ਹੈ। ਭਗਵਾਨ ਨੂੰ ਵੀ ਯਾਦ ਕਰਨਗੇ- ਹੇ ਪਰਮਪਿਤਾ ਪਰਮਾਤਮਾ ਤਾਂ ਬੁੱਧੀ ਉਪਰ ਵੱਲ ਚਲੀ ਜਾਵੇਗੀ। ਆਤਮਾ ਸਭ ਸਮਝਦੀ ਹੈ ਪਰ ਅਗਿਆਨ ਛਾਇਆ ਹੋਇਆ ਹੈ। ਇਹ ਵੀ ਨਹੀਂ ਜਾਣਦੇ ਹਨ ਅਸੀਂ ਇਥੋਂ ਦੇ ਰਹਿਣ ਵਾਲ਼ੇ ਨਹੀਂ ਹਾਂ। ਸਾਡਾ ਬਾਪ ਉਹ ਹੈ, ਮੂੰਹ ਨਾਲ ਓ ਗੋਡ ਫਾਦਰ ਕਹਿੰਦੇ ਹਨ। ਫਿਰ ਵੀ ਕਹਿ ਦਿੰਦੇ ਹਨ ਸਾਰੇ ਫਾਦਰ ਹਨ, ਗੌਡ ਫਾਦਰ ਸਰਵਵਿਆਪੀ ਹੈ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਸਾਰੇ ਪਿਤਾ ਤਾਂ ਨਹੀਂ ਹਨ। ਸਾਰੀਆਂ ਆਤਮਾਵਾਂ ਆਪਸ ਵਿਚ ਭਾਈ-ਭਾਈ ਹਨ। ਇਹ ਨਾ ਜਾਨਣ ਕਾਰਣ ਲੜਦੇ ਝਗੜੇ ਰਹਿੰਦੇ ਹਨ। ਤੁਸੀਂ ਆਤਮਾਵਾਂ ਭਾਈ - ਭਾਈ ਹੋ, ਇਕ ਬਾਪ ਦੀ ਔਲਾਦ ਬਣੇ ਹੋ। ਨਿਸ਼ਚੇ ਬੁੱਧੀ ਵੀ ਨੰਬਰਵਾਰ ਹਨ। ਲੌਕਿਕ ਸੰਬੰਧਾਂ ਵਿਚ ਨਿਸ਼ਚੇ ਰਹਿੰਦਾ ਹੀ ਹੈ ਕਿ ਬਾਪ ਤੋਂ ਵਰਸਾ ਪਾਉਣਾ ਹੈ। ਇਥੇ ਬਾਪ ਤੋਂ ਮਾਇਆ ਘੜੀ ਘੜੀ ਮੂੰਹ ਫੇਰ ਦਿੰਦੀ ਹੈ। ਸਰਵਸ਼ਕਤੀਮਾਨ ਬਾਪ ਦੇ ਬਣਦੇ ਹੋ ਤਾਂ ਮਾਇਆ ਵੀ ਸਰਵਸ਼ਕਤੀਮਾਨ ਹੋ ਕੇ ਲੜਦੀ ਹੈ। ਪੰਜ ਵਿਕਾਰਾਂ ਤੇ ਜਿੱਤ ਪਾਉਣ ਦੀ ਲੜਾਈ ਹੈ। ਯੁੱਧ ਤਾਂ ਪ੍ਰਸਿੱਧ ਹੈ। ਪਰ ਜੋ ਸ਼ਾਸਤਰਾਂ ਵਿਚ ਕੌਰਵਾਂ- ਪਾਂਡਵਾਂ ਦੀ ਲੜਾਈ ਦਿਖਾਉਂਦੇ ਹਨ ਉਹ ਗੱਲ ਨਹੀਂ ਹੈ। ਇਹ ਰਾਵਣ ਨਾਲ ਯੁੱਧ ਬੜੀ ਭਾਰੀ ਹੈ। ਅਸੀਂ ਚਾਹੁੰਦੇ ਹਾਂ ਕਿ ਬਾਪ ਦੀ ਯਾਦ ਵਿਚ ਰਹਿ ਕੇ ਅਸੀਂ ਸੰਪੂਰਨ ਬਣੀਏ। ਆਤਮਾ ਪਿਓਰ ਬਣੇ। ਹੋਰ ਤਾਂ ਕੋਈ ਰਸਤਾ ਨਹੀਂ ਹੈ ਸਿਵਾਏ ਯੋਗ ਦੇ। ਹੋਰ ਜਿਹੜੇ ਵੀ ਯੋਗ ਸਿਖਾਉਂਦੇ ਹਨ ਉਹ ਕੋਈ ਪਵਿੱਤਰਤਾ ਦੇ ਲਈ ਨਹੀਂ ਹਨ। ਉਹ ਤਾਂ ਸਾਰੇ ਸਥੂਲ ਯੋਗ ਹਨ। ਥੋੜੇ ਸਮੇਂ ਦੇ ਲਈ ਇਹ ਰੂਹਾਨੀ ਯੋਗ ਹੈ ਸਦਾ ਪਵਿੱਤਰ ਰਹਿਣ ਲਈ। ਪਵਿੱਤਰਤਾ ਦੇ ਸਾਗਰ ਨਾਲ ਅਸੀਂ ਯੋਗ ਲਗਾ ਕੇ ਪਵਿੱਤਰ ਬਣਦੇ ਹਾਂ। ਬਾਪ ਕਹਿੰਦੇ ਹਨ ਇਸ ਯੋਗ ਅਗਨੀ ਨਾਲ ਤੁਹਾਡੇ ਜਨਮ ਜਨਮੰਤ੍ਰ ਦੇ ਪਾਪ ਭਸਮ ਹੁੰਦੇ ਹਨ। ਬੁੱਧੀ ਵੀ ਕਹਿੰਦੀ ਹੈ ਕਿ ਇਹ ਦੁਨੀਆ ਪਤਿਤ ਹੈ, ਕਿਸੇ ਨੂੰ ਵੀ ਪੁੱਛੋ ਇਹ ਸਤਿਯੁਗ ਹੈ ਜਾਂ ਕਲਯੁਗ? ਤਾਂ ਕੋਈ ਵੀ ਇਸ ਨੂੰ ਸਤਿਯੁਗ ਨਹੀਂ ਕਹੇਗਾ। ਸਤਿਯੁਗ ਤੇ ਨਵੀ ਦੁਨੀਆ ਸੀ। ਉਸਨੂੰ ਗੋਲਡਨ ਏਜ ਅਤੇ ਇਸਨੂੰ ਆਇਰਨ ਏਜ ਕਿਹਾ ਜਾਂਦਾ ਹੈ। ਪੁਰਾਣੀ ਦੁਨੀਆ ਨੂੰ ਕਲਯੁਗ ਤੇ ਨਵੀ ਦੁਨੀਆ ਨੂੰ ਸਤਿਯੁਗ ਕਿਹਾ ਜਾਂਦਾ ਹੈ। ਇਹ ਨਹੀਂ ਕਹਿ ਸਕਦੇ ਕਿ ਹੁਣ ਸਤਿਯੁਗ ਹੈ ਤੇ ਕਲਯੁਗ ਵੀ ਹੈ। ਨਹੀਂ ਨਰਕਵਾਸੀ ਮਾਨਾ ਹੀ ਨਰਕਵਾਸੀ। ਪੁਰਾਣੀ ਦੁਨੀਆ ਨੂੰ ਪਤਿਤ, ਨਵੀ ਦੁਨੀਆ ਨੂੰ ਪਾਵਨ ਕਹਾਂਗੇ। ਮਨੁੱਖਾਂ ਦੇ ਲਈ ਹੀ ਸਮਝਾਇਆ ਜਾਂਦਾ ਹੈ, ਜਾਨਵਰ ਥੋੜੀ ਨਾ ਕਹਿਣਗੇ ਪਤਿਤ ਪਾਵਨ ਆਓ। ਕਿਸੇ ਨੂੰ ਵੀ ਪੁੱਛੋ ਤਾਂ ਕਹਿਣਗੇ ਇਹ ਨਰਕ ਹੈ। ਭਾਰਤ ਨਵੀ ਦੁਨੀਆ ਸਵਰਗ ਸੀ, ਭਾਰਤ ਹੀ ਪੁਰਾਣੀ ਦੁਨੀਆ ਨਰਕ ਹੈ। ਭਾਰਤ ਤੇ ਹੀ ਜ਼ੋਰ ਦਿੰਦੇ ਰਹੋ। ਦੂਸਰੇ ਸਭ ਤਾਂ ਬਾਅਦ ਵਿਚ ਆਉਂਦੇ ਹਨ। ਉਸ ਨਾਲ

ਸਾਡਾ ਸੰਬੰਧ ਨਹੀਂ ਹੈ। ਸਾਡਾ ਧਰਮ ਹੀ ਵੱਖ ਹੈ, ਜੋ ਹੁਣ ਤਕਰੀਬਨ ਲੋਪ ਹੋ ਗਿਆ ਹੈ।

ਹੁਣ ਤੁਸੀਂ ਨਿਸ਼ਚੇ ਬੁੱਧੀ ਬਣੇ ਹੋ, ਜਾਣਦੇ ਹੋ ਅਸੀਂ ਇਕ ਬਾਪ ਦੇ ਬੱਚੇ ਹਾਂ। ਬਾਪ ਤੋਂ ਸਾਨੂੰ ਸਵਰਾਜ ਮਿਲਦਾ ਹੈ। ਪਹਿਲਾ ਤਾਂ ਇਹ ਪੱਕਾ ਨਿਸ਼ਚੇ ਚਾਹੀਦਾ ਹੈ। ਗਿਆਨ ਸੁਣਦੇ ਹਨ, ਉਹ ਤਾਂ ਠੀਕ ਹੈ। ਪ੍ਰਜਾ ਬਣ ਜਾਂਦੀ ਹੈ। ਬਾਕੀ ਅਸੀਂ ਬੇਹੱਦ ਬਾਪ ਦੇ ਬੱਚੇ ਹਾਂ ਇਹ ਨਿਸ਼ਚੇ ਹੋ ਜਾਵੇ, ਸਮਝਣ ਅਸੀਂ ਭਗਤੀ ਕੀਤੀ ਹੈ ਭਗਵਾਨ ਨੂੰ ਮਿਲਣ ਦੇ ਲਈ। ਹੁਣ ਭਗਤੀ ਪੂਰੀ ਹੋਈ ਹੈ। ਹੁਣ ਭਗਵਾਨ ਆਪ ਖੁਦ ਆਕੇ ਮਿਲਿਆ ਹੈ। ਓਹਨਾ ਤੋਂ ਸੂਰਜਵੰਸ਼ੀ ਸਵਰਾਜ ਪਦ ਮਿਲਦਾ ਹੈ। ਅਸੀਂ ਇਨੀ ਉੱਚ ਪਦਵੀ ਪਾਉਂਦੇ ਹਾਂ। ਜਿਵੇਂ ਸਾਹੂਕਾਰ ਲੋਕ ਬੱਚਿਆਂ ਨੂੰ ਗੋਦ ਲੈਂਦੇ ਹਨ ਨਾ। ਉਹ ਤਾਂ ਇਕ ਬੱਚਾ ਲੈਂਦੇ ਹਨ, ਇਥੇ ਤਾਂ ਬੇਹੱਦ ਦੇ ਬਾਪ ਨੂੰ ਅਨੇਕ ਬੱਚੇ ਚਾਹੀਦੇ ਹਨ। ਕਹਿੰਦੇ ਹਨ ਜੋ ਮੇਰਾ ਬੱਚਾ ਬਣੇਗਾ, ਉਸਨੂੰ ਸਵਰਗ ਦਾ ਵਰਸਾ ਮਿਲੇਗਾ। ਜੋ ਮੇਰਾ ਨਹੀਂ ਬਣਦੇ ਤਾਂ ਵਰਸਾ ਲੈ ਨਾ ਸਕਣ। ਸ਼੍ਰੀਮਤ ਤੇ ਹੀ ਨਹੀਂ ਚਲਦੇ। ਜਿਨ੍ਹਾਂ ਨੂੰ ਨਿਸ਼ਚੇ ਹੋ ਜਾਂਦਾ ਹੈ ਤਾਂ ਕਹਿੰਦੇ ਹਨ ਬਾਬਾ ਤੁਸੀਂ ਫਿਰ ਤੋਂ ਆਏ ਹੋ, ਬਸ ਅਸੀਂ ਤੇ ਤੁਹਾਡਾ ਹੱਥ ਨਹੀਂ ਛੱਡਾਂਗੇ। ਬਾਪ ਬੱਚਿਆਂ ਨੂੰ ਸਮਝਾਉਂਦੇ ਹਨ, ਬੱਚੇ ਫਿਰ ਦੂਜਿਆਂ ਨੂੰ ਸਮਝਾਉਂਦੇ ਹਨ ਕਿ ਅਸੀਂ ਪਾਰਲੌਕਿਕ ਬਾਪ ਦੇ ਬੱਚੇ ਬਣੇ ਹਾਂ। ਓਹਨਾ ਦੀ ਸ਼੍ਰੀਮਤ ਤੇ ਅਸੀਂ ਚਲਦੇ ਹਾਂ, ਸਾਨੂੰ ਪਰਮਪਿਤਾ ਪਰਮਾਤਮਾ ਪੜਾਉਂਦੇ ਹਨ। ਇਤਨੇ ਸਾਰੇ ਬੀ.ਕੇ. ਬਣੇ ਹਨ ਤਾਂ ਜਰੂਰ ਨਿਸ਼ਚੇ ਹੈ, ਅਸੀਂ ਵੀ ਕਿਉਂ ਨਾ ਬਣੀਏ। ਲਿਖ ਕੇ ਭੇਜ ਦੇਣ ਕਿ ਅਸੀਂ ਤੁਹਾਡੇ ਬਣੇ ਹਾਂ। ਬਾਪ ਕਹਿੰਦੇ ਮੈਂ ਕੋਈ ਦੂਰ ਥੋੜ੍ਹੀ ਹਾਂ, ਮੈਂ ਤਾਂ ਇਥੇ ਬੈਠਾ ਹਾਂ, ਹਾਜਰ ਹਾਂ। ਇਥੇ ਪ੍ਰੈਕਟੀਕਲ ਵਿਚ ਬੈਠੇ ਹਾਂ। ਜਿਵੇ ਪ੍ਰੈਜ਼ੀਡੈਂਟ ਦੇ ਲਈ ਕਹਾਂਗੇ ਕਿ ਇਸ ਦੁਨੀਆ ਵਿਚ ਹਾਜਰ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਪ੍ਰੈਜ਼ੀਡੈਂਟ ਸਰਵ ਵਿਆਪੀ ਹੈ। ਇਸ ਤਰ੍ਹਾਂ ਦਾ ਪਰਮਪਿਤਾ ਪਰਮਾਤਮਾ ਜਿਸਨੂੰ ਦੁੱਖ ਹਰਤਾ ਸੁਖ ਕਰਤਾ ਕਿਹਾ ਜਾਂਦਾ ਹੈ, ਉਹ ਸਰਵਵਿਆਪੀ ਨਹੀਂ ਹੋ ਸਕਦਾ। ਉਹਨਾਂ ਦੀ ਹਾਜਰੀ ਵਿਚ ਮਨੁੱਖ ਇਤਨੇ ਦੁਖੀ ਕਿਵੇਂ ਰਹਿ ਸਕਦੇ ਹਨ? ਜਦੋ ਕਿ ਬਾਪ ਦੀ ਗੈਰ ਹਾਜਰੀ (ਸਵਰਗ) ਵਿਚ ਵੀ ਕੋਈ ਦੁੱਖ ਨਹੀਂ ਹੁੰਦਾ ਹੈ।

ਬਾਪ ਨੇ ਬੱਚਿਆਂ ਦੇ ਲਈ ਘੋਸਲਾ ਬਣਾਇਆ ਹੈ। ਜਿਵੇਂ ਚਿੜੀਆਂ ਬੱਚਿਆਂ ਦੇ ਲਈ ਘੋਸਲਾ ਬਣਾਉਂਦੀਆਂ ਹਨ। ਤਾਂ ਬਾਪ ਵੀ ਤੁਹਾਡੇ ਲਈ ਤੁਹਾਡੇ ਦਵਾਰਾ ਹੀ ਅਖੇਰਾ ( ਘੋਂਸਲਾ) ਬਣਵਾਉਂਦੇ ਹਨ। ਤੁਹਾਡੇ ਵੀ ਰਹਿਣ ਦੇ ਲਈ ਸਵਰਗ ਦਾ ਅਖੇਰਾ(ਘੋਸਲਾ) ਬਣ ਰਿਹਾ ਹੈ। ਬਾਪ ਕਹਿੰਦੇ ਹਨ ਤੁਸੀਂ ਮੇਰੀ ਮਤ ਤੇ ਚੱਲੋਗੇ ਤਾਂ ਸਵਰਗ ਵਿਚ ਰਾਜ ਕਰੋਗੇ। ਜੇਕਰ ਪੂਰਾ ਨਿਸ਼ਚੇ ਹੋਵੇ ਤਾਂ ਇਕਦਮ ਪਕੜ ਲੈਣ। ਇਵੇਂ ਵੀ ਨਹੀਂ ਕਿ ਇਥੇ ਬੈਠ ਜਾਣਾ ਹੈ, ਘਰ ਬਾਰ ਤਾਂ ਛੱਡਣਾ ਨਹੀਂ ਹੈ। ਉਹ ਤਾਂ ਘਰ ਬਾਰ ਛੱਡਦੇ ਹਨ। ਗੁਰੂ ਨੂੰ ਭਗਵਾਨ ਸਮਝਦੇ ਹਨ। ਉਹ ਕੋਈ ਜਿਉਂਦੇ ਜੀ ਮਰਦੇ ਨਹੀਂ ਹਨ। ਤੁਸੀਂ ਤਾਂ ਜਿਉਂਦੇ ਜੀ ਮਰ ਕੇ ਫਿਰ ਸਤਿਯੁਗ ਵਿਚ ਜਿਉਣਾ ਹੈ। ਤੁਸੀਂ ਬਾਪ ਤੋਂ ਬੇਹੱਦ ਦਾ ਵਰਸਾ ਲੈਂਦੇ ਹਾਂ। ਜਦੋ ਨਿਸ਼ਚੇ ਹੋਵੇ ਕਿ ਬੇਹੱਦ ਦਾ ਬਾਪ ਪੜਾਉਂਦੇ ਹਨ, 21 ਜਨਮ ਦਾ ਵਰਸਾ ਦਿੰਦੇ ਹਨ ਤਾਂ ਓਹਨਾ ਦੀ ਮਤ ਤੇ ਚਲਣਾ ਪਵੇ। ਬੱਚਾ ਬਣੇ ਤਾਂ ਬਾਪ ਡਾਇਰੈਕਸ਼ਨ ਦੇਣਗੇ। ਪਹਿਲਾਂ ਤਾਂ ਇਕ ਹਫਤਾ ਭੱਠੀ ਵਿਚ ਬੈਠੋ। ਤੁਹਾਨੂੰ ਰੋਜ ਨੋਲਜ ਮਿਲਦੀ ਰਹੇਗੀ। ਸਾਰੇ ਤਾਂ ਇਕ ਜਿਹਾ ਨਹੀਂ ਸਮਝਦੇ, ਸਾਰੇ ਆਪਣੇ ਪੁਰਸ਼ਾਰਥ ਅਤੇ ਕਿਸਮਤ ਅਨੁਸਾਰ ਪਾਉਂਦੇ ਹਨ। ਪੁਰਸ਼ਾਰਥ ਵੀ ਤਕਦੀਰ ਦੇ ਉਪਰ ਹੁੰਦਾ ਹੈ। ਪਤਾ ਲਗ ਜਾਂਦਾ ਹੈ ਕਿ ਤਕਦੀਰ ਵਿਚ ਕੀ ਹੈ? ਕਿਹੜੀ ਪਦਵੀ ਪਾਉਣਗੇ। ਬਾਪ ਦਾ ਬਨ ਕੇ ਗ੍ਰਹਿਸਤ ਵਿਵਹਾਰ ਵਿਚ ਰਹਿਣਾ ਹੈ। ਅੱਛਾ ਜੇਕਰ ਗ੍ਰਹਿਸਤੀ ਨਹੀਂ ਹੋ ਤੇ ਜਾ ਕੇ ਅੰਨ੍ਹਿਆ ਦੀ ਲਾਠੀ ਬਣੋ। ਸੱਤ ਨਰਾਇਣ ਦੀ ਕਥਾ ਸੁਣਾਉਣ ਜਰੂਰ ਜਾਣਾ ਹੈ।

ਹੁਣ ਦੇਖੋ ਪ੍ਰੇਮ ਬੱਚੀ ਸੇਵਾ ਤੇ ਗਈ ਹੈ, ਜਿਨ੍ਹਾਂ ਨੇ ਬੁਲਾਵਾ ਦਿੱਤਾ ਓਹਨਾ ਨੇ ਬਹੁਤ ਸਾਰੇ ਲੋਕਾਂ ਨਾਲ ਮੁਲਾਕਾਤ ਕਰਵਾਈ, ਪ੍ਰਭਾਵਿਤ ਵੀ ਹੋਏ। ਪਰ ਬਾਪ ਕਹਿੰਦੇ -ਨਿਸ਼ਚੇ ਬੁੱਧੀ ਇਕ ਵੀ ਨਹੀਂ ਹੈ ਕਿ ਇਨ੍ਹਾਂ ਨੂੰ ਬੇਹੱਦ ਦਾ ਬਾਪ ਪੜਾਉਂਦਾ ਹੈ, ਜਿਸ ਨਾਲ 21 ਜਨਮ ਦਾ ਵਰਸਾ ਮਿਲਦਾ ਹੈ। ਚਾਹੇ ਪ੍ਰਭਾਵਿਤ ਹੁੰਦੇ ਹਨ ਪਰ ਇਵੇਂ ਥੋੜ੍ਹੀ ਨਾ ਕਿ ਨਿਸ਼ਚੇ ਹੋਇਆ ਕਿ ਬਰੋਬਰ ਗਿਆਨ ਦਾ ਸਾਗਰ ਬਾਪ ਪੜਾ ਰਿਹਾ ਹੈ। ਹਾਂ, ਸਿਰਫ ਕਹਿਣਗੇ ਬਹੁਤ ਚੰਗਾ ਹੈ। ਜਿਵੇਂ ਹੀ ਬਾਹਰ ਗਏ ਖਲਾਸ। ਕੋਈ ਵਿਰਲਾ ਹੀ ਪੁਰਸ਼ਾਰਥ ਕਰੇਗਾ। ਚਾਹੇ ਆਪਸ ਵਿਚ ਸਤਿਸੰਗ ਵੀ ਕਰਨਗੇ, ਪਰ ਜੋ ਵੀ ਕਰਨਗੇ ਉਹ ਵੀ ਨਿਸ਼ਚੇ ਬੁੱਧੀ ਨਹੀਂ ਹਨ। ਹਾਫ ਕਾਸਟ ਕਿਹਾ ਜਾਂਦਾ ਹੈ ਨਿਸ਼ਚੇ ਅਤੇ ਸ਼ੱਕ। ਹੁਣ ਕਹਿਣਗੇ ਬਾਪ ਪੜਾਉਂਦੇ ਹਨ ਫਿਰ ਹੁਣ ਹੀ ਕਹਿਣਗੇ ਇਹ ਕਿਵੇਂ ਹੋ ਸਕਦਾ ਹੈ। ਹਾਂ ਪਵਿੱਤਰ ਬਣਨਾ ਤਾਂ ਚੰਗਾ ਹੈ ਪਰ ਪਵਿਤ੍ਰਤਾ ਦੇ ਵਿੱਚ ਰਹਿਣਾ ਬੜਾ ਔਖਾ ਹੈ। ਪਹਿਲਾਂ ਤਾਂ ਨਿਸ਼ਚੇ ਚਾਹੀਦਾ ਹੈ। ਗਦਗਦ ਹੋਕੇ ਲਿਖਣ। ਜਿਵੇਂ ਬੰਦੇਲੀਆਂ ਗੋਪੀਕਾਵਾਂ ਪੱਤਰ ਲਿਖਦੀਆਂ ਹਨ, ਉਸ ਤਰ੍ਹਾਂ ਛੁਟੇਲੇ ਕਦੇ ਨਹੀਂ ਲਿਖਦੇ ਹਨ। ਬਾਬਾ ਲਿਖ ਦਿੰਦੇ ਹਨ ਕਿ ਇੱਕ ਨੂੰ ਵੀ ਨਿਸ਼ਚੇ ਬੁੱਧੀ ਨਹੀਂ ਬਣਾਇਆ ਹੈ। ਹਾਂ, ਸਧਾਰਨ ਪ੍ਰਜਾ ਬਣਾਈ, ਵਾਰਿਸ ਨਹੀਂ ਬਣਾਇਆ। ਇੱਕ ਵੀ ਨਿਸ਼ਚੇਬੁੱਧੀ ਨਹੀਂ ਬਣਿਆ ਹੈ। ਨਿਸ਼ਚੇਬੁੱਧੀ ਹੀ ਵਾਰਿਸ ਬਣਦੇ ਹਨ। ਕੋਈ ਭਾਵੇਂ ਨਿਸ਼ਚੇਬੁੱਧੀ ਹਨ ਪ੍ਰੰਤੂ ਗਿਆਨ ਨਹੀਂ ਉਠਾਉਂਦੇ ਹਨ ਤਾਂ ਉਸ ਘਰਾਣੇ ਦੇ ਅੰਦਰ ਜਾਕੇ ਦਾਸ - ਦਾਸੀ ਬਣਦੇ ਹਨ। ਅੱਗੇ ਜਾ ਕੇ ਐਕੂਰੇਟ ਸਾਕਸ਼ਾਤਕਾਰ ਹੋਵੇਗਾ । ਪਤਾ ਵੀ ਪਵੇਗਾ ਕਿ ਅਸੀਂ ਦਾਸ - ਦਾਸੀ ਕਿਹੜੇ ਨੰਬਰ ਵਾਲੇ ਬਣਾਂਗੇ? ਫਿਰ ਬਹੁਤ ਪਛਤਾਉਂਨਗੇ। ਅਸੀਂ ਤਾਂ ਸ਼੍ਰੀਮਤ ਤੇ ਨਹੀਂ ਚੱਲੇ ਤਾਂ ਇਹ ਹਾਲ ਹੋਇਆ ਹੈ। ਫਿਰ ਵੀ ਹਰ ਹਾਲਤ ਵਿਚ ਕਹਾਂਗੇ ਡਰਾਮਾ। ਇਨ੍ਹਾਂ ਦਾ ਡਰਾਮੇ ਵਿਚ ਇਸ ਤਰ੍ਹਾਂ ਹੀ ਕਲਪ -ਕਲਪੰਤ੍ਰ ਦਾ ਪਾਰਟ ਹੈ। ਸਾਕਸ਼ਾਤਕਾਰ ਹੋਣਾ ਹੀ ਹੈ। ਪਿੱਛੋਂ ਨਤੀਜਾ ਆਉਣਾ ਹੈ। ਫਿਰ ਕਹਿਣਗੇ ਭਾਵੀ। ਸਾਡੀ ਤਕਦੀਰ ਵਿਚ ਇਹ ਸੀ, ਤੁਹਾਡੀ ਪੜਾਈ ਦਾ ਨਤੀਜਾ ਆਵੇਗਾ। ਇਹ ਬੜਾ ਵੱਡਾ ਸਕੂਲ ਹੈ। ਪੜਾਉਣ ਵਾਲਾ ਇਕ ਹੀ ਹੈ, ਇਕ ਹੀ ਪੜਾਈ ਹੈ, ਇਕ ਹੀ ਇਮਤਿਹਾਨ ਹੈ। ਟੀਚਰ ਜਾਣਦੇ ਹਨ ਇਹ ਸਟੂਡੈਂਟ ਕਿਵੇਂ ਦਾ ਹੈ, ਸਾਰੇ ਗੈਲਪ ਕਰਦੇ ਰਹਿੰਦੇ ਹਨ। ਅੱਗੇ ਚਲ ਕੇ ਬੜਾ ਕੁਝ ਪਤਾ ਚੱਲੇਗਾ। ਘੜੀ ਘੜੀ ਤੁਸੀਂ ਧਿਆਨ ਵਿਚ ਚਲੇ ਜਾਵੋਗੇ। ਜਿਵੇ ਸ਼ੁਰੂ ਵਿੱਚ ਜਾਂਦੇ ਸੀ। ਆਪ

ਵੀ ਸਮਝਦੇ ਰਹਿੰਦੇ ਹੋ, ਬਾਪ ਵੀ ਸਮਝਾਉਂਦੇ ਰਹਿੰਦੇ ਹਨ। ਤੁਸੀਂ ਗਫ਼ਲਤ ਕਰਦੇ ਹੋ, ਸ਼੍ਰੀਮਤ ਤੇ ਨਹੀਂ ਚਲਦੇ ਹੋ। ਇਸ ਤਰ੍ਹਾਂ ਚਲਦੇ ਚਲਦੇ ਆਦਤ ਪੈ ਜਾਂਦੀ ਹੈ। ਚਾਹੇ ਤੁਸੀਂ ਪੁੱਛੋ - ਬਾਬਾ ਅਸੀਂ ਤੁਹਾਡੀ ਸ਼੍ਰੀਮਤ ਤੇ ਚਲਦੇ ਹਾਂ? ਬਾਬਾ ਦਸ ਦੇਣਗੇ ਕਿ ਤੁਸੀਂ ਨਹੀਂ ਚਲਦੇ ਹੋ ਤਾਂ ਹੀ ਤੁਹਾਡੀ ਤਕਦੀਰ ਇਸ ਤਰ੍ਹਾਂ ਦੀ ਦਿਖਾਈ ਦਿੰਦੀ ਹੈ। ਸਮਝਿਆ ਜਾਂਦਾ ਹੈ ਹਜੇ ਦਸ਼ਾ ਖਰਾਬ ਹੈ, ਅੱਗੇ ਚਲ ਕੇ ਖੁਲ ਵੀ ਜਾਵੇ। ਕੋਈ ਕਾਮ ਦੇ ਹਲਕੇ ਨਸ਼ੇ ਵਿਚ ਡਿਗ ਜਾਂਦੇ ਹਨ। ਭਾਰਤ ਪਾਵਨ ਸੀ, ਸ੍ਰੇਸ਼ਟਾਚਾਰੀ ਸੀ ਜੋ ਹੁਣ ਭ੍ਰਿਸ਼ਟਾਚਾਰੀ ਹੈ। ਉਹਨਾਂ ਸ੍ਰੇਸ਼ਠ ਦੇਵਤਾਵਾਂ ਦੀ ਮਹਿਮਾ ਤਾਂ ਹੈ ਨਾ। ਬਾਪ ਕਹਿੰਦੇ ਹਨ ਇਹ ਹੈ ਆਸੁਰੀ ਸੰਪਰਦਾਏ, ਮੈਂ ਆਇਆ ਹਾਂ ਦੈਵੀ ਸੰਪਰਦਾਏ ਸਥਾਪਨ ਕਰਨ ਲਈ। ਇਹ ਦੇਵੀ ਦੇਵਤਾ ਧਰਮ ਹੈ ਉੱਚ ਤੇ ਉੱਚ ਹੈ। ਬਾਪ ਹੀ ਪਤਿਤ ਪਾਵਨ ਹੈ। ਪਰ ਮਨੁੱਖ ਕੁਝ ਵੀ ਸਮਝਦੇ ਨਹੀਂ ਹਨ। ਜੋ ਵੀ ਧਰਮ ਸਥਾਪਨ ਕਰਨ ਆਉਂਦੇ ਹਨ ਪਵਿੱਤਰ ਜਰੂਰ ਬਣਦੇ ਹਨ। ਹਰ ਇਕ ਗੱਲ ਵਿਚ ਚੰਗੇ ਤੇ ਬੁਰੇ ਹੁੰਦੇ ਹਨ। ਘਟ ਤਕਦੀਰ ਤੇ ਚੰਗੀ ਤਕਦੀਰ ਵਾਲੇ ਹਨ। ਹੁਣ ਇਹ ਰਾਵਣ ਰਾਜ ਖ਼ਤਮ ਹੋਣਾ ਹੈ। ਇਸ ਰਾਵਣ ਦੀ ਨਗਰੀ ਨੂੰ ਅੱਗ ਲਗਨੀ ਹੈ। ਤੁਸੀਂ ਰਾਵਣ ਦੀ ਸੈਨਾ ਬੈਠੇ ਹੋ, ਜੋ ਇਸ ਧਰਮ ਦੇ ਹੋਣਗੇ ਇਹ ਸਮਝਦੇ ਜਾਣਗੇ। ਨੰਬਰਵਾਰ ਸਮਝਦੇ ਹਨ। ਕਈ ਤਾਂ ਜਨਕ ਦੀ ਤਰ੍ਹਾਂ ਇਕ ਤੀਰ ਲੱਗਣ ਨਾਲ ਸਰੈਂਡਰ ਹੋ ਜਾਂਦੇ ਹਨ। ਉਹ ਕੋਈ ਵੀ ਬਹਾਨਾ ਨਹੀਂ ਕਰਨਗੇ। ਬਹਾਨਾ ਇਸ ਵਿਚ ਚਲ ਨਹੀਂ ਸਕਦਾ। ਪਰ ਮਾਇਆ ਦੇ ਤੂਫ਼ਾਨ ਵੀ ਬਹੁਤ ਆਉਂਦੇ ਹਨ। ਆਪਣੇ ਘਰਾਨੇ ਨੂੰ ਹੀ ਭੁਲਾ ਦਿੰਦੇ ਹਨ ਕਿ ਅਸੀਂ ਇਸ਼ਵਰੀਏ ਸੰਤਾਨ ਹਾਂ। ਤਾਂ ਬੱਚਿਆਂ ਨੂੰ ਬੜਾ ਮਿੱਠਾ ਬਣਨਾ ਹੈ। ਕਾਮ ਦਾ ਜਰਾ ਵੀ ਨਸ਼ਾ ਨਹੀਂ ਹੋਣਾ ਚਾਹੀਦਾ। ਕਾਮ ਬੜਾ ਮਹਾਸ਼ਤਰੂ ਹੈ। ਇਹ ਸਭ ਤੋਂ ਵੱਡੀ ਪ੍ਰੀਖਿਆ ਹੈ। ਬਾਬਾ ਕਹਿੰਦੇ - ਬੱਚੇ, ਇਕੱਠੇ ਰਹਿ ਕੇ ਪਵਿੱਤਰ ਬਣ ਕੇ ਦਿਖਾਓ। ਬਾਬਾ ਬੱਚਿਆਂ ਦੀ ਅਵਸਥਾ ਨੂੰ ਜਾਣਦੇ ਹਨ। ਨਿਸ਼ਚੇਬੁੱਧੀ ਵਾਲੇ ਬਾਪ ਨੂੰ ਆਪਣੀ ਖਬਰ ਦੇਣਗੇ ਕਿ ਮੈਂ ਤੁਹਾਨੂੰ ਯਾਦ ਕਰਦਾ ਹਾਂ। ਇਹ ਤੁਹਾਡੀ ਸੇਵਾ ਕਰਦਾ ਹਾਂ। ਸੇਵਾ ਦਾ ਸਮਾਚਾਰ ਲਿਖਣ ਤਾਂ ਮੈਂ ਵਿਸ਼ਵਾਸ ਕਰਾਂਗਾ। ਸਰਵਿਸ ਦਾ ਸਬੂਤ ਦੇਵੇ ਤਾਂ ਬਾਬਾ ਸਮਝਣ ਗੇ ਕਿ ਇਸ ਵਿਚ ਉਮੀਦ ਦਿਖਾਈ ਦਿੰਦੀ ਹੈ ਅਤੇ ਫਿਰ ਇਹ ਵੀ ਸਮਝਣਾ ਚਾਹੀਦਾ ਹੈ ਕਿ ਬਾਬਾ ਇੱਕਲਾ ਹੈ ਅਸੀਂ ਬਹੁਤ ਬੱਚੇ ਹਾਂ। ਇਸ ਤਰ੍ਹਾਂ ਨਹੀਂ, ਕਿ ਬਾਬਾ ਨੂੰ ਰੋਜ ਰੋਜ ਰਿਸਪੌਂਸ ਦੇਣਾ ਪਵੇਗਾ। ਨਹੀਂ, ਬਾਬਾ ਹੈ ਹੀ ਗਰੀਬ ਨਵਾਜ। ਦਾਨ ਗਰੀਬ ਨੂੰ ਦਿੱਤਾ ਜਾਂਦਾ ਹੈ ਇਹ ਭਾਰਤ ਖੰਡ ਗਰੀਬ ਹੈ। ਸਾਹੂਕਾਰ ਤੋਂ ਗਰੀਬ ਹੋਇਆ ਹੈ। ਇਹ ਕਿਸੇ ਨੂੰ ਪਤਾਂ ਨਹੀਂ ਲਗਦਾ ਹੈ। ਇਹ ਭਾਰਤ ਹੀ ਅਵਿਨਾਸ਼ੀ ਖੰਡ ਹੈ, ਜਿੱਥੇ ਭਗਵਾਨ ਅਵਤਾਰ ਲੈਂਦੇ ਹਨ। ਭਾਰਤ ਸੋਨੇ ਦੀ ਚਿੜੀਆ ਸੀ ਮਤਲਬ ਸਾਰਿਆਂ ਸੁੱਖਾ ਦਾ ਭੰਡਾਰ ਸੀ। ਜਿਸ ਸੁਖਧਾਮ ਵਿਚ ਜਾਨ ਲਈ ਅਸੀਂ ਸਾਰੇ ਪੁਰਸ਼ਾਰਥ ਕਰ ਰਹੇ ਹਾਂ। ਅੱਛਾ।

ਮਿੱਠੇ- ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1 ਕੋਈ ਵੀ ਬਹਾਨਾ ਨਾ ਕਰ ਕੇ ਬਾਪ ਦੀ ਸ਼੍ਰੀਮਤ ਤੇ ਚਲਦੇ ਰਹਿਣਾ ਹੈ, ਸਰਵਿਸ ਦਾ ਸਬੂਤ ਦੇਣਾ ਹੈ।

**2** ਅਸੀਂ ਇਸ਼ਵਰੀਏ ਸੰਤਾਨ ਹਾਂ, ਸਾਡਾ ਉੱਚੇ ਤੇ ਉੱਚਾ ਘਰਾਣਾ ਹੈ ਇਹ ਭੁਲਣਾ ਨਹੀਂ ਹੈ। ਨਿਸ਼ਚੇਬੁੱਧੀ ਬਣਨਾ ਤੇ ਬਣਾਉਣਾ ਹੈ।

ਵਰਦਾਨ:- ਸ੍ਰੇਸ਼ਠ ਸਵਮਾਣ ਦੀ ਸੀਟ ਤੇ ਰਹਿ ਸਰਵ ਨੂੰ ਸੰਮਾਨ ਦੇਣ ਵਾਲੇ ਸਰਵ ਦੇ ਮਾਣਨੀਯ ਭਵ

ਸਦਾ ਆਪਣੇ ਸ੍ਰੇਸ਼ਠ ਸਵਮਾਣ ਵਿੱਚ ਸਥਿਤ ਰਹਿਕੇ, ਨਿਰਮਾਣ ਬਣ ਸਭ ਨੂੰ ਸੰਮਾਨ ਦਿੰਦੇ ਚੱਲੋ ਤਾਂ ਇਹ ਦੇਣਾ ਹੀ ਲੈਣਾ ਬਣ ਜਾਵੇਗਾ। ਸੰਮਾਨ ਦੇਣਾ ਮਤਲਬ ਉਸਨੂੰ ਉਮੰਗ – ਉਲਾਸ ਵਿੱਚ ਲਿਆਕੇ ਅੱਗੇ ਕਰਨਾ। ਸਦਾ ਸਵਮਾਨ ਵਿੱਚ ਰਹਿਣ ਨਾਲ ਸਰਵ ਪ੍ਰਾਪਤੀਆਂ ਖੁਦ ਹੋ ਜਾਣਗੀਆਂ ਸਵਮਾਨ ਦੇ ਕਾਰਣ ਵਿਸ਼ਵ ਸੰਮਾਨ ਦਵੇਗੀ ਅਤੇ ਸ੍ਵ ਦਵਾਰਾ। ਸ੍ਰੇਸ਼ਠ ਮਾਨ ਮਿਲਣ ਦੇ ਪਾਤਰ, ਮਾਣਨੀਯ ਬਣ ਜਾਣਗੇ।

ਸਲੋਗਨ:- ਜੋ ਸਰਵ ਨੂੰ ਰਿਗਾਰਡ ਦਿੰਦਾ ਹੈ ਉਸਦਾ ਰਿਕਾਰਡ ਖੁਦ ਠੀਕ ਹੋ ਜਾਂਦਾ ਹੈ।

******